ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਐਸ.ਐਸ.ਏ/ਐਮ.ਸੀ/2013/ 01366-68
ਮਿਤੀ,ਚੰਡੀਗੜ੍ਹ 24-01-2013

ਵਿਸ਼ਾ:- ਪ੍ਰੀ-ਬੋਰਡ ਮੁਲਾਂਕਣ ਅਤੇ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਲਾਨਾ ਮੁਲਾਂਕਣ ਸਬੰਧੀ।
ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ. ਐਸ.ਐਸ.ਏ/ਐਮ.ਸੀ/2013/1199-1201, ਮਿਤੀ, ਚੰਡੀਗੜ੍ਹ 22.01.2013 ਸਬੰਧੀ।

ਉਪਰੋਕਤ ਹਵਾਲੇ ਅਧੀਨ ਫੀਲਡ ਵਿੱਚੋਂ ਆ ਰਹੀ ਲਗਾਤਾਰ ਮੰਗ ਨੂੰ ਮੱਦੇਨਜ਼ਰ ਰੱਖਦਿਆ ਹੋਇਆ ਇਹ ਫੈਸਲਾ ਕੀਤਾ ਗਿਆ ਹੈ ਕਿ :

1.0 ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਦੇ ਵਿਦਿਆਰਥੀਆਂ ਦਾ ਪ੍ਰੀ-ਬੋਰਡ ਸਕੂਲ ਮੁੱਖੀ ਆਪਣੇ ਪੱਧਰ ਤੇ ਸਮਾਂ ਸਾਰਣੀ ਬਣਾ ਕੇ, ਆਪਣੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ ਤਿਆਰ ਕੀਤੇ ਮੁਲਾਂਕਣ ਟੂਲਜ਼/ਪ੍ਰਸ਼ਨ ਪੱਤਰਾਂ ਰਾਹੀਂ ਆਪਣੇ ਪੱਧਰ ਤੇ ਲੈਣਗੇ ਅਤੇ ਇਸਦਾ ਬਕਾਇਦਾ ਰਿਕਾਰਡ ਰੱਖਣਗੇ।

2.0 ਇਸ ਤੋਂ ਇਲਾਵਾ ਪਹਿਲੇ ਲਏ ਗਿਆਰਵੀਂ ਜਮਾਤ ਦੇ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰਾਂ ਲਈ ਕੀਤੇ ਗਏ ਫੈਸਲੇ ਵਿੱਚ ਸੋਧ ਕਰਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਗਿਆਰਵੀਂ ਦੇ ਵਿਦਿਆਰਥੀਆਂ ਦੀ ਸਲਾਨਾ ਪ੍ਰੀਖਿਆਂ ਵੀ ਸਕੂਲ ਮੁੱਖੀ ਆਪਣੇ ਪੱਧਰ ਤੇ ਸਮਾਂ ਸਾਰਣੀ ਤਿਆਰ ਕਰਕੇ ਪ੍ਰਸ਼ਨ ਪੱਤਰ ਤਿਆਰ ਕਰਵਾ ਕੇ ਲੈਣਗੇ। ਗਿਆਰਵੀਂ ਜਮਾਤ ਦੀ ਸਮਾਂ ਸਾਰਣੀ ਛੇਵੀਂ ਤੋਂ ਨੌਵੀਂ ਜਮਾਤ ਲਈ ਹੈੱਡ ਆਫ਼ਿਸ ਤੋਂ ਜਾਰੀ ਕੀਤੀ ਜਾਣ ਵਾਲੀ ਸਮਾਂ ਸਾਰਣੀ ਦੇ ਦਿਨਾਂ ਨਾਲ ਮੇਲ ਖਾਂਦੀ ਤਿਆਰ ਕੀਤੀ ਜਾਵੇ ਤਾਂ ਜੋ ਸਕੂਲ ਵਿੱਚ ਇੱਕ ਸਮੇਂ ਪ੍ਰੀਖਿਆ ਦਾ ਮਾਹੌਲ ਬਣਿਆ ਰਹੇ।

3.0 ਇਸ ਸਬੰਧੀ ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਨਮੂਨੇ ਦੇ ਮਾਡਲ ਪ੍ਰਸ਼ਨ ਪੱਤਰ ਸਰਵ ਸਿੱਖਿਆ ਅਭਿਆਨ ਦੀ ਵੈੱਬਸਾਈਟ **www.ssapunjab.org** ਤੇ ਜਲਦੀ ਹੀ ਲੋਡ ਕਰ ਦਿੱਤੇ ਜਾਣਗੇ।

4.0 ਚੌਥੀ-ਪੰਜਵੀਂ ਜਮਾਤ ਦੇ ਪ੍ਰਮੁੱਖ ਵਿਸ਼ਿਆਂ - ਗਣਿਤ, ਵਾਤਾਵਰਨ ਸਿੱਖਿਆ, ਸਮਾਜਿਕ ਸਿੱਖਿਆ, ਹਿੰਦੀ ਅਤੇ ਪੰਜਾਬੀ ਦੇ ਮੁਲਾਂਕਣ ਟੂਲਜ਼ ਹੈੱਡ ਆਫ਼ਿਸ ਤੋਂ ਭੇਜੇ ਜਾਣਗੇ। ਇਸੇ ਤਰ੍ਹਾਂ ਛੇਵੀਂ ਤੋਂ ਅੱਠਵੀਂ ਜਮਾਤਾਂ ਲਈ ਛੇ ਪ੍ਰਮੁੱਖ ਵਿਸ਼ਿਆਂ - ਹਿੰਦੀ , ਪੰਜਾਬੀ, ਗਣਿਤ, ਸਮਾਜਿਕ ਸਿੱਖਿਆ, ਵਿਗਿਆਨ ਅਤੇ ਅੰਗ੍ਰੇਜ਼ੀ ਦੇ ਮੁਲਾਂਕਣ ਟੂਲਜ਼ ਅਤੇ ਨੌਵੀਂ ਜਮਾਤ ਦੇ ਵੀ ਉਕਤ ਪ੍ਰਮੁੱਖ ਛੇ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਹੈੱਡ ਆਫ਼ਿਸ ਤੋਂ ਭੇਜੇ ਜਾਣਗੇ। ਬਾਕੀ ਰਹਿੰਦੇ ਵਿਸ਼ਿਆਂ ਦੇ ਮੁਲਾਂਕਣ ਟੂਲਜ਼ ਸਕੂਲ ਮੁੱਖੀ ਆਪਣੇ ਪੱਧਰ ਤੇ ਤਿਆਰ ਕਰਨਗੇ। ਪਰ ਸਮਾਂ ਸਾਰਣੀ ਹੈੱਡ ਆਫ਼ਿਸ ਵੱਲੋਂ ਜਾਰੀ ਕੀਤੀ ਜਾਵੇਗੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ